ਪ੍ਰੇਮ – ਬਿਰਹਾ

(ਲੇਖਕ: ਸੋਹਣ ਸਿੰਘ ਸੀਤਲ)

ਮਨੁੱਖੀ ਇਤਿਹਾਸ ਵਿੱਚ "ਪ੍ਰੇਮ" ਨੂੰ ਬਹੁਤ ਉੱਚਾ ਦਰਜਾ ਦਿੱਤਾ ਗਿਆ ਹੈ। ਕਈ ਮਹਾਂਪੁਰਸ਼ਾਂ ਨੇ ਤਾਂ ਪ੍ਰੇਮ ਨੂੰ ਰੱਬ ਦੀ ਪਦਵੀ ਦੇਣ ਤੱਕ ਦਾ ਦਾਅਵਾ ਕੀਤਾ ਹੈ। ਗੁਰਬਾਣੀ ਵਿੱਚ ਇਸ ਦੀ ਵਿਆਖਿਆ ਕੀਤੀ ਗਈ ਹੈ। ਗੁਰੂ ਨਾਨਕ ਸਾਹਿਬ ਜੀ ਫੁਰਮਾਉਂਦੇ ਹਨ:

– ਆਪੇ ਪ੍ਰੀਤਿ ਪ੍ਰੇਮ ਪਰਮੇਸੁਰੁ ਕਰਮੀ ਮਿਲੈ ਵਡਾਈ॥ (੧੩੩੦)

ਪ੍ਰਭੂ ਦਾ ਪ੍ਰੇਮ ਵੱਡੇ ਭਾਗਾਂ ਨਾਲ ਤੇ ਉਸਦੀ ਮਿਹਰ ਸਦਕਾ ਮਿਲਦਾ ਹੈ। ਪਰ ਸ਼ਰਤ ਹੈ ਕਿ 'ਪ੍ਰੇਮ' ਸੱਚਾ ਹੋਵੇ। ਸੱਚਾ ਪ੍ਰੇਮ ਕਦੇ ਟੁੱਟਦਾ ਨਹੀਂ।

– ਸਚਾ ਨੇਹੁ ਨ ਤੁਟਈ ਜੇ ਸਤਿਗੁਰੁ ਭੇਟੈ ਸੋਇ॥ (੬੦)

ਸੱਚਾ ਪ੍ਰੇਮ ਉਹ ਵਸਤੂ ਹੈ ਜਿਸ ਬਦਲੇ ਹੱਸ ਹੱਸ ਕੇ ਸਿਰ ਦੇਣਾ ਪੈਂਦਾ ਹੈ।

– ਜਉ ਤਉ ਪ੍ਰੇਮ ਖੇਲਣ ਕਾ ਚਾਉ॥ ਸਿਰੁ ਧਰਿ ਤਲੀ ਗਲੀ ਮੇਰੀ ਆਉ॥
ਇਤੁ ਮਾਰਗਿ ਪੈਰੁ ਧਰੀਜੈ॥ ਸਿਰੁ ਦੀਜੈ ਕਾਣਿ ਨ ਕੀਜੈ॥ (੧੪੧੨)

ਗੁਰੂ ਅੰਗਦ ਦੇਵ ਜੀ ਫੁਰਮਾਉਂਦੇ ਹਨ ਕਿ ਪ੍ਰੇਮ ਉਹ ਹੈ ਜੋ 'ਇੱਕੇ' ਵਿੱਚ ਸਮਾ ਜਾਵੇ, ਆਪਣਾ ਆਪ ਆਪਣੇ ਮਹਿਬੂਬ ਵਿੱਚ ਮਿਲਾ ਦੇਵੇ, ਅਭੇਦ ਹੋ ਜਾਵੇ। ਜੋ ਥਾਂ ਥਾਂ ਭਟਕਦਾ ਫਿਰੇ, ਉਹ ਸੱਚਾ ਪ੍ਰੇਮ ਨਹੀਂ।

– ਏਹ ਕਿਨੇਹੀ ਆਸਕੀ ਦੂਜੈ ਲਗੈ ਜਾਇ॥ ਨਾਨਕ ਆਸਕੁ ਕਾਂਢੀਐ ਸਦ ਹੀ ਰਹੈ ਸਮਾਇ॥
ਚੰਗੈ ਚੰਗਾ ਕਰਿ ਮੰਨੇ ਮੰਦੈ ਮੰਦਾ ਹੋਇ॥ ਆਸਕੁ ਏਹੁ ਨ ਆਖੀਐ ਜਿ ਲੇਖੈ ਵਰਤੈ ਸੋਇ॥ (੪੭੪)

ਗੁਰੂ ਅਰਜਨ ਦੇਵ ਜੀ ਫੁਰਮਾਉਂਦੇ ਹਨ ਕਿ ਸੱਚੀ ਪ੍ਰੀਤ ਕਦੇ ਨਹੀਂ ਟੁੱਟਦੀ।

– ਸਾਚੀ ਪ੍ਰੀਤਿ ਨ ਤੁਟਈ ਪਿਆਰੇ ਜੁਗੁ ਜੁਗੁ ਰਹੀ ਸਮਾਇ॥ (੪੩੧)

– ਸਾਚੀ ਪ੍ਰੀਤਿ ਨ ਤੁਟਈ ਸਾਚੇ ਮੇਲਿ ਮਿਲਾਉ॥ (੫੪)

ਸੱਚਾ ਪ੍ਰੇਮੀ ਆਪਣੀ ਪ੍ਰੀਤ ਦਾ ਕਦੇ ਸੌਦਾ ਨਹੀਂ ਕਰਦਾ, ਸਗੋਂ ਉਹ ਤਾਂ ਕਹਿੰਦਾ ਹੈ:

– ਰਾਜੁ ਨ ਚਾਹਉ ਮੁਕਤਿ ਨ ਚਾਹਉ ਮਨਿ ਪ੍ਰੀਤਿ ਚਰਨ ਕਮਲਾਰੇ॥
ਬ੍ਰਹਮ ਮਹੇਸ ਸਿਧ ਮੁਨਿ ਇੰਦ੍ਰਾ ਮੋਹਿ ਠਾਕੁਰ ਹੀ ਦਰਸਾਰੇ॥ (੫੩੪)

ਇੱਕ ਥਾਂ ਹਜ਼ੂਰ ਇਉਂ ਫੁਰਮਾਉਂਦੇ ਹਨ:

– ਧਨੁ ਨਹੀ ਬਾਛਹਿ ਸੁਰਗ ਨ ਆਛਹਿ॥ ਅਤਿ ਪ੍ਰਿਅ ਪ੍ਰੀਤਿ ਸਾਧ ਰਜ ਰਾਚਹਿ॥ (੨੫੧)

ਗੁਰੂ ਗੋਬਿੰਦ ਸਿੰਘ ਜੀ ਫੁਰਮਾਉਂਦੇ ਹਨ, ਪ੍ਰਮਾਤਮਾ ਨੂੰ ਪ੍ਰਾਪਤ ਕਰਨ ਦਾ ਸਭ ਤੋਂ ਸੌਖਾ ਰਸਤਾ 'ਪ੍ਰੇਮ' ਹੈ।

– ਸਾਚੁ ਕਹੌਂ ਸੁਨ ਲੇਹੁ ਸਭੈ ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭੁ ਪਾਇਓ॥ (ਤ੍ਵ ਪ੍ਰਸਾਦਿ ਸਵੱਯੇ)

ਪ੍ਰੇਮ ਦਾ ਫਲ ਹੈ 'ਬਿਰਹਾ', ਸੱਜਣ ਦੇ ਵਿਛੋੜੇ ਵਿੱਚ ਤੜਪਣਾ ਤੇ ਉਸ ਉਤੋਂ ਆਪਾ ਵਾਰਨ ਦੀ ਰੀਝ। ਜਿਸ ਅੰਦਰ ਇਹ ਗੁਣ ਪੈਦਾ ਨਹੀਂ ਹੁੰਦੇ, ਉਸਦਾ ਪ੍ਰੇਮ ਝੂਠਾ ਹੈ। ਫ਼ਰੀਦ ਜੀ ਤਾਂ ਉਸ ਸਰੀਰ ਨੂੰ ਮਸਾਣਾਂ ਬਰਾਬਰ ਸਮਝਦੇ ਹਨ, ਜਿਸ ਅੰਦਰ ਇਹ ਸੱਚਾ 'ਬਿਰਹਾ' ਪੈਦਾ ਨਹੀਂ ਹੋਇਆ।

– ਬਿਰਹਾ ਬਿਰਹਾ ਆਖੀਐ ਬਿਰਹਾ ਤੂ ਸੁਲਤਾਨੁ॥
ਫਰੀਦਾ ਜਿਤੁ ਤਨਿ ਬਿਰਹੁ ਨ ਊਪਜੈ ਸੋ ਤਨੁ ਜਾਣੁ ਮਸਾਨ॥ (੧੩੭੯)

ਗੁਰੂ ਅਰਜਨ ਦੇਵ ਜੀ ਤਾਂ ਪ੍ਰਭੂ ਪ੍ਰੇਮ ਤੋਂ ਬਿਨਾਂ ਮਨੁੱਖ ਨੂੰ 'ਮ੍ਰਿਤਕ' ਕਹਿੰਦੇ ਹਨ।

– ਅਤਿ ਸੁੰਦਰ ਕੁਲੀਨ ਚਤੁਰ ਮੁਖਿ ਛਿਆਨੀ ਧਨਵੰਤ॥
ਮਿਰਤਕ ਕਹੀਅਹਿ ਨਾਨਕਾ ਜਿਹ ਪ੍ਰੀਤਿ ਨਹੀ ਭਗਵੰਤ॥ (੨੫੩)

ਪ੍ਰੇਮ ਬਾਰੇ ਫ਼ਰੀਦ ਜੀ ਇੱਕ ਹੋਰ ਬੜੀ ਪਤੇ ਦੀ ਗੱਲ ਕਹਿੰਦੇ ਹਨ। ਜਿੱਥੇ ਕੋਈ ਲੋਭ, ਇੱਛਿਆ ਜਾਂ ਖ਼ਾਹਿਸ਼ ਹੈ, ਉਹ ਪ੍ਰੇਮ ਨਹੀਂ। ਹੋਰ ਚਾਹੋ ਉਸਨੂੰ ਕੋਈ ਨਾਮ ਦੇ ਲਉ।

– ਫਰੀਦਾ ਜਾ ਲਬੁ ਤਾ ਨੇਹੁ ਕਿਆ ਲਬੁ ਤ ਕੂੜਾ ਨੇਹੁ॥ ਕਿਚਰੁ ਝਤਿ ਲਘਾਈਐ ਛਪਰਿ ਤੁਟੈ ਮੇਹੁ॥(੧੩੭੮)

ਸਭ ਤੋਂ ਉੱਤਮ ਪ੍ਰੇਮ ਪਤਨੀ ਵੱਲੋਂ ਪਤੀ ਨਾਲ ਮੰਨਿਆ ਗਿਆ ਹੈ, ਜਿਸ ਵਿੱਚ ਬਿਰਹੋਂ ਦੀ ਜਲਨ ਵੀ ਹੈ ਤੇ ਮਿਲਣ ਲਈ ਰੀਝ ਤੇ ਅਰਜ਼ੋਈ ਵੀ। ਸੱਚੇ ਬਿਰਹੇ ਦੀ ਪੀੜ ਮਹਿਸੂਸ ਕਰਦੇ ਹੋਏ ਗੁਰੂ ਨਾਨਕ ਦੇਵ ਜੀ ਫ਼ੁਰਮਾਉਂਦੇ ਹਨ:

– ਬਿਨੁ ਦਰਸਨ ਕੈਸੇ ਜੀਵਉ ਮੇਰੀ ਮਾਈ॥
ਹਰਿ ਬਿਨੁ ਜੀਅਰਾ ਰਹਿ ਨ ਸਕੈ ਖਿਨੁ ਸਤਿਗੁਰਿ ਬੂਝ ਬੁਝਾਈ॥ਰਹਾਉ॥
ਮੇਰਾ ਪ੍ਰਭੁ ਬਿਸਰੈ ਹਉ ਮਰਉ ਦੁਖਾਲੀ॥ ਸਾਸਿ ਗਿਰਾਸਿ ਜਪਉ ਅਪੁਨੇ ਹਰਿ ਭਾਲੀ॥ (੭੯੬)

ਕੁਦਰਤ ਦਾ ਸੁਹੱਪਣ ਵੇਖ ਕੇ ਗੁਰਦੇਵ ਸੱਚੇ ਪ੍ਰੇਮੀ ਵਾਂਗ ਆਪਣੇ ਪ੍ਰੀਤਮ ਦੇ ਬਿਰਹੇ ਵਿੱਚ ਬੇਵੱਸ ਪੁਕਾਰ ਉੱਠਦੇ ਹਨ:

– ਚੇਤੁ ਬਸੰਤੁ ਭਲਾ ਭਵਰ ਸੁਹਾਵੜੇ॥ ਬਨ ਫੂਲੇ ਮੰਝ ਬਾਰਿ ਮੈ ਪਿਰੁ ਘਰਿ ਬਾਹੁੜੈ॥
ਪਿਰੁ ਘਰਿ ਨਹੀ ਆਵੈ ਧਨ ਕਿਉ ਸੁਖੁ ਪਾਵੈ ਬਿਰਹਿ ਬਿਰੋਧ ਤਨੁ ਛੀਜੈ॥
ਕੋਕਿਲ ਅੰਬਿ ਸੁਹਾਵੀ ਬੋਲੈ ਕਿਉ ਦੁਖੁ ਅੰਕਿ ਸਹੀਜੈ॥
ਭਵਰੁ ਭਵੰਤਾ ਫੂਲੀ ਡਾਲੀ ਕਿਉ ਜੀਵਾ ਮਰੁ ਮਾਏ॥
ਨਾਨਕ ਚੇਤਿ ਸਹਜਿ ਸੁਖੁ ਪਾਵੈ ਜੇ ਹਰਿ ਵਰੁ ਘਰਿ ਧਨ ਪਾਏ॥ (੧੧੦੭)

ਗੁਰੂ ਅੰਗਦ ਦੇਵ ਜੀ ਤਾਂ ਆਪਣੇ ਸੱਚੇ ਬਿਰਹੇ ਦਾ ਵਰਣਨ ਦਿਲ ਹਿਲਾ ਦੇਣ ਵਾਲੇ ਸ਼ਬਦਾਂ ਵਿੱਚ ਕਰਦੇ ਹਨ:

– ਕਿਸ ਹੀ ਕੋਈ ਕੋਇ ਮੰਞੁ ਨਿਮਾਣੀ ਇਕੁ ਤੂ॥ ਕਿਉ ਨ ਮਰੀਜੈ ਰੋਇ ਜਾ ਲਗੁ ਚਿਤਿ ਨ ਆਵਹੀ॥(੭੯੧)

ਪ੍ਰੀਤਮ ਤੋਂ ਬਿਨਾਂ ਸੰਸਾਰ ਵਿੱਚ ਜਿਉਣਾ ਆਪ ਬਹੁਤ ਬੁਰਾ ਤੇ ਦੁਖਦਾਈ ਸਮਝਦੇ ਹਨ।

– ਜਿਸੁ ਪਿਆਰੇ ਸਿਉ ਨੇਹੁ ਤਿਸੁ ਆਗੈ ਮਰਿ ਚਲੀਐ॥ ਧ੍ਰਿਗੁ ਜੀਵਣੁ ਸੰਸਾਰਿ ਤਾ ਕੈ ਪਾਛੈ ਜੀਵਣਾ॥ (੮੩)

ਪ੍ਰੀਤਮ ਨਾਲੋਂ ਵਿਛੜੇ ਪ੍ਰੇਮੀ ਵਾਸਤੇ ਬਹਾਰ ਵੀ ਸਾੜਨ ਦਾ ਕੰਮ ਕਰਦੀ ਹੈ।

– ਨਾਨਕ ਤਿਨਾ ਬਸੰਤੁ ਹੈ ਜਿਨ੍ ਘਰਿ ਵਸਿਆ ਕੰਤੁ॥
ਜਿਨ ਕੇ ਕੰਤ ਦਿਸਾਪੁਰੀ ਸੇ ਅਹਿਨਿਸਿ ਫਿਰਹਿ ਜਲੰਤ॥ (੭੯੧)

ਗੁਰੂ ਅਮਰਦਾਸ ਜੀ ਆਪਣੇ ਬਿਰਹੇ ਦਾ ਇਉਂ ਵਰਣਨ ਕਰਦੇ ਹਨ:

– ਮਿਲੁ ਮੇਰੇ ਪ੍ਰੀਤਮਾ ਜੀਉ ਤੁਧੁ ਬਿਨੁ ਖਰੀ ਨਿਮਾਣੀ॥ ਮੈ ਨੈਣੀ ਨੀਦ ਨ ਆਵੈ ਜੀਉ ਭਾਵੈ ਅੰਨੁ ਨ ਪਾਣੀ॥
ਪਾਣੀ ਅੰਨੁ ਨ ਭਾਵੈ ਮਰੀਐ ਹਾਵੈ ਬਿਨੁ ਪਿਰ ਕਿਉ ਸੁਖੁ ਪਾਈਐ॥
ਗੁਰ ਆਗੈ ਕਰਉ ਬਿਨੰਤੀ ਜੇ ਗੁਰ ਭਾਵੈ ਜਿਉ ਮਿਲੈ ਤਿਵੈ ਮਿਲਾਈਐ॥
ਆਪੇ ਮੇਲਿ ਲਏ ਸੁਖਦਾਤਾ ਆਪਿ ਮਿਲਿਆ ਘਰਿ ਆਏ॥
ਨਾਨਕ ਕਾਮਣਿ ਸਦਾ ਸੁਹਾਗਣਿ ਨਾ ਪਿਰੁ ਮਰੈ ਨ ਜਾਏ॥(੨੪੪)

ਚੌਥੇ ਪਾਤਸ਼ਾਹ ਦੇ ਪ੍ਰਭੂ ਦੇ ਪ੍ਰੇਮ ਵਿੱਚ ਵਿੱਧੇ ਹੋਏ ਮਨ ਦੀ ਹਾਲਤ ਵੇਖੋ:

– ਹਰਿ ਸਿਉ ਪ੍ਰੀਤਿ ਅੰਤਰੁ ਮਨੁ ਬੇਧਿਆ ਹਰਿ ਬਿਨੁ ਰਹਣੁ ਨ ਜਾਈ॥
ਜਿਉ ਮਛੁਲੀ ਬਿਨੁ ਨੀਰੈ ਬਿਨਸੈ ਤਿਉ ਨਾਮੈ ਬਿਨੁ ਮਰਿ ਜਾਈ॥ (੬੦੭)

ਹਜ਼ੂਰ ਇਉਂ ਮਹਿਸੂਸ ਕਰਦੇ ਹਨ ਜਿਵੇਂ ਕਈ ਜਨਮਾਂ ਦੇ ਵਿਛੜੇ ਹੋਣ।

– ਅਨੇਕ ਜਨਮ ਵਿਛੁੜੇ ਮੇਰੇ ਪ੍ਰੀਤਮ ਕਰਿ ਕਿਰਪਾ ਗੁਰੂ ਮਿਲਾਵੈਗੋ॥ (੧੩੧੦)

ਗੁਰਦੇਵ ਆਪਣੇ ਵਿਛੜੇ ਪ੍ਰੀਤਮ ਦੇ ਮਿਲਾਪ ਵਾਸਤੇ ਕਿੰਨਾ ਤਰਲਾ ਲੈਂਦੇ ਹਨ ਕਿ ਕੋਈ ਮੈਨੂੰ ਮੇਰਾ ਪ੍ਰੀਤਮ ਮਿਲਾ ਦੇਵੇ, ਤਾਂ ਮੈਂ ਉਸ ਉੱਤੋਂ ਆਪਣਾ ਆਪ ਕੁਰਬਾਨ ਕਰ ਦਿਆਂ।

– ਕੋਈ ਆਣਿ ਮਿਲਾਵੈ ਮੇਰਾ ਪ੍ਰੀਤਮੁ ਪਿਆਰਾ ਹਉ ਤਿਸੁ ਪਹਿ ਆਪੁ ਵੇਚਾਈ॥
ਦਰਸਨੁ ਹਰਿ ਦੇਖਣ ਕੈ ਤਾਈ॥
ਕ੍ਰਿਪਾ ਕਰਹਿ ਤਾ ਸਤਿਗੁਰੁ ਮੇਲਹਿ ਹਰਿ ਹਰਿ ਨਾਮੁ ਧਿਆਈ॥ਰਹਾਉ॥
ਜੇ ਸੁਖੁ ਦੇਹਿ ਤ ਤੁਝਹਿ ਅਰਾਧੀ ਦੁਖਿ ਭੀ ਤੁਝੈ ਧਿਆਈ॥
ਜੇ ਭੁਖ ਦੇਹਿ ਤ ਇਤ ਹੀ ਰਾਜਾ ਦੁਖ ਵਿਚਿ ਸੂਖ ਮਨਾਈ॥
ਤਨੁ ਮਨੁ ਕਾਟਿ ਕਾਟਿ ਸਭੁ ਅਰਪੀ ਵਿਚਿ ਅਗਨੀ ਆਪੁ ਜਲਾਈ॥
ਪਖਾ ਫੇਰੀ ਪਾਣੀ ਢੋਵਾ ਜੋ ਦੇਵਹਿ ਸੋ ਖਾਈ॥
ਨਾਨਕੁ ਗਰੀਬੁ ਢਹਿ ਪਇਆ ਦੁਆਰੈ ਹਰਿ ਮੇਲਿ ਲੈਹੁ ਵਡਿਆਈ॥ (੭੫੭)

ਗੁਰੂ ਅਰਜਨ ਦੇਵ ਜੀ ਦੇ ਬਿਰਹੇ ਵਰਣਨ ਦਾ ਉੱਤਮ ਨਮੂਨਾ ਉਹ ਚਿੱਠੀਆਂ ਹਨ, ਜੋ ਹਜ਼ੂਰ ਨੇ ਲਾਹੌਰ ਤੋਂ ਆਪਣੇ ਗੁਰੂ-ਪਿਤਾ ਵੱਲ ਲਿਖੀਆਂ ਸਨ:

– ਮੇਰਾ ਮਨ ਲੋਚੈ ਗੁਰ ਦਰਸਨ ਤਾਈ॥ ਬਿਲਪ ਕਰੇ ਚਾਤ੍ਰਿਕ ਕੀ ਨਿਆਈ॥
ਤ੍ਰਿਖਾ ਨ ਉਤਰੈ ਸਾਂਤਿ ਨ ਆਵੈ ਬਿਨੁ ਦਰਸਨ ਸੰਤ ਪਿਆਰੇ ਜੀਉ॥
ਹਉ ਘੋਲੀ ਜੀਉ ਘੋਲਿ ਘੁਮਾਈ ਗੁਰ ਦਰਸਨ ਸੰਤ ਪਿਆਰੇ ਜੀਉ॥ਰਹਾਉ॥
ਤੇਰਾ ਮੁਖੁ ਸੁਹਾਵਾ ਜੀਉ ਸਹਜ ਧੁਨਿ ਬਾਣੀ॥ ਚਿਰੁ ਹੋਆ ਦੇਖੇ ਸਾਰਿੰਗਪਾਣੀ॥
ਧੰਨੁ ਸੁ ਦੇਸੁ ਜਹਾ ਤੂੰ ਵਸਿਆ ਮੇਰੇ ਸਜਣ ਮੀਤ ਮੁਰਾਰੇ ਜੀਉ॥
ਹਉ ਘੋਲੀ ਹਉ ਘੋਲਿ ਘੁਮਾਈ ਗੁਰ ਸਜਣ ਮੀਤ ਮੁਰਾਰੇ ਜੀਉ॥ਰਹਾਉ॥
ਇਕ ਘੜੀ ਨ ਮਿਲਤੇ ਤਾ ਕਲਿਜੁਗੁ ਹੋਤਾ॥ ਹੁਣਿ ਕਦਿ ਮਿਲੀਐ ਪ੍ਰਿਅ ਤੁਧੁ ਭਗਵੰਤਾ॥
ਮੋਹਿ ਰੈਣਿ ਨ ਵਿਹਾਵੈ ਨੀਦ ਨ ਆਵੈ ਬਿਨੁ ਦੇਖੇ ਗੁਰ ਦਰਬਾਰੇ ਜੀਉ॥

ਹਉ ਘੋਲੀ ਜੀਉ ਘੋਲਿ ਘੁਮਾਈ ਤਿਸੁ ਸਚੇ ਗੁਰ ਦਰਬਾਰੇ ਜੀਉ॥ਰਹਾਉ॥
ਭਾਗੁ ਹੋਆ ਗੁਰਿ ਸੰਤੁ ਮਿਲਾਇਆ॥ ਪ੍ਰਭੁ ਅਬਿਨਾਸੀ ਘਰ ਮਹਿ ਪਾਇਆ॥
ਸੇਵ ਕਰੀ ਪਲੁ ਚਸਾ ਨ ਵਿਛੁੜਾ ਜਨ ਨਾਨਕ ਦਾਸ ਤੁਮਾਰੇ ਜੀਉ॥
ਹਉ ਘੋਲੀ ਜੀਉ ਘੋਲਿ ਘੁਮਾਈ ਜਨ ਨਾਨਕ ਦਾਸ ਤੁਮਾਰੇ ਜੀਉ॥ਰਹਾਉ॥ (੯੬)

ਅਨੋਖੀ ਅਵਸਥਾ ਹੈ ਬਿਰਹੀ ਦੀ। ਜਿਹੜਾ ਹਿਰਦੇ ਵਿੱਚ ਵਸਦਾ ਹੈ, ਉਸੇ ਦਾ ਵਿਛੋੜਾ ਕਲਪਾ ਰਿਹਾ ਹੈ। ਗੁਰਦੇਵ ਉਸਦੇ ਅੱਗੇ ਅਰਦਾਸ ਕਰ ਰਹੇ ਹਨ, ਜਿਹੜਾ ਉਸਨੂੰ ਮਿਲਾ ਦੇਵੇ।

- ਘਟਿ ਘਟਿ ਵਸਹਿ ਜਾਣਹਿ ਥੋਰਾ॥ ਹੈ ਕੋਈ ਸਾਜਣੁ ਪਰਦਾ ਤੋਰਾ॥ (੫੬੨)

ਫਿਰ ਜਦ ਉਹ ਮਿਲ ਪੈਂਦਾ ਹੈ ਤਾਂ ਆਪ ਉਸ ਅੱਗੇ ਬੇਨਤੀ ਕਰਦੇ ਹਨ:

- ਸਾਜਨ ਤੇਰੇ ਚਰਨ ਕੀ ਹੋਇ ਰਹਾ ਸਦ ਧੂਰਿ॥ਨਾਨਕ ਸਰਣਿ ਤੁਹਾਰੀਆ ਪੇਖਉ ਸਦਾ ਹਜੂਰਿ॥ (੫੧੮)

ਜਦ ਪ੍ਰੀਤਮ ਨੇ ਅਪਣਾਅ ਲਿਆ, ਮਹਾਰਾਜ ਖੁਸ਼ੀ ਵਿੱਚ ਇਉਂ ਪੁਕਾਰ ਉੱਠਦੇ ਹਨ:

- ਗੁਨੁ ਅਵਗਨੁ ਮੇਰੋ ਕਛੁ ਨ ਬੀਚਾਰੋ॥ ਨਹ ਦੇਖਿਓ ਰੂਪ ਰੰਗ ਸੰਗੀਗਾਰੋ॥
ਚਜ ਅਚਾਰ ਕਿਛੁ ਬਿਧਿ ਨਹੀ ਜਾਨੀ॥ ਬਾਹ ਪਕਰਿ ਪ੍ਰਿਅ ਸੇਜੈ ਆਨੀ॥
ਸੁਨਿਬੋ ਸਖੀ ਕੰਤਿ ਹਮਾਰੋ ਕੀਅਲੋ ਖਸਮਾਨਾ॥
ਕਰੁ ਮਸਤਕਿ ਧਾਰਿ ਰਾਖਿਓ ਕਰਿ ਅਪੁਨਾ ਕਿਆ ਜਾਨੈ ਇਹੁ ਲੋਕੁ ਅਜਾਨਾ॥ਰਹਾਉ॥ (੩੭੨)

ਇਸ ਮਿਲਾਪ ਦੀ ਅਵਸਥਾ ਪਿੱਛੋਂ ਗੁਰਦੇਵ ਸਰੂਰ ਵਿੱਚ ਆ ਕੇ ਇਉਂ ਹੋਕਾ ਦੇਂਦੇ ਹਨ:

- ਸੁਨਹੁ ਲੋਕਾ ਮੈ ਪ੍ਰੇਮ ਰਸੁ ਪਾਇਆ॥
ਦੁਰਜਨ ਮਾਰੇ ਵੈਰੀ ਸੰਘਾਰੇ ਸਤਿਗੁਰਿ ਮੋ ਕਉ ਹਰਿ ਨਾਮੁ ਦਿਵਾਇਆ॥ਰਹਾਉ॥
ਪ੍ਰਥਮੇ ਤਿਆਗੀ ਹਉਮੈ ਪ੍ਰੀਤਿ॥ ਦੁਤੀਆ ਤਿਆਗੀ ਲੋਗਾ ਰੀਤਿ॥
ਤ੍ਰੈ ਗੁਣ ਤਿਆਗਿ ਦੁਰਜਨ ਮੀਤ ਸਮਾਨੇ॥ ਤੁਰੀਆ ਗੁਨੁ ਮਿਲਿ ਸਾਧ ਪਛਾਨੇ॥ (੩੭੦)